**ਮਾਡਲ ਪ੍ਰਸ਼ਨ ਪੱਤਰ**

**ਜਮਾਤ : ਬਾਰ੍ਹਵੀਂ**

**ਵਿਸ਼ਾ : ਪੰਜਾਬੀ**

**ਕੋਡ : 532** **ਸੈਸ਼ਨ : 2025-26**

**ਸਮਾਂ : ਤਿੰਨ ਘੰਟੇ** **ਕੁਲ ਅੰਕ : 80**

**ਪੇਪਰ : ਸਲਾਨਾ**

**ਨੋਟ : ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ।**

**ਭਾਗ (ੳ)**

1. ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ : 5

ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲੇ ਬੱਦਲ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ ਸਾਡਾ ਹੌਂਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ ਜਿਉਣ ਦੀ ਜਾਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜ਼ਰਬਿਆਂ ਦਾ ਨਿਚੋੜ ਇਹਨਾਂ ਵਿੱਚ ਛੁਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗਰੀਬ ਲਈ ਸਦਾ ਖੁਲ੍ਹੇ ਰਹਿੰਦੇ ਹਨ। ਇਹ ਸਾਨੂੰ ਇਕ ਅਜਿਹੀ ਦੌਲਤ ਨਾਲ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ। ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲੇ ਹਨ ਉਹ ਲੋਕ ਜਿਨ੍ਹਾਂ ਨੂੰ ਉਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਹੋਈ ਕਹਾਣੀ ਲਿਖੋ : 5

(ੳ) ਅੰਗੂਰ ਖੱਟੇ ਹਨ

(ਅ) ਬੁੱਧੀ ਬਲ ਨਾਲੋਂ ਸ਼ਕਤੀਵਾਨ ਹੈ

(ੲ) ਅੰਤ ਭਲੇ ਦਾ ਭਲਾ

3. ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ਇਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿੱਚ ਲਿਖੋ : 5

(ੳ) ਸ਼ੇਖ਼ ਫ਼ਰੀਦ ਜੀ

(ਅ) ਭਾਈ ਵੀਰ ਸਿੰਘ

(ੲ) ਬਲਵੰਤ ਗਾਰਗੀ

4. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1X5=5

(i) ਗੁਰੂ ਨਾਨਕ ਜੀ ਦੀ ਕਿਹੜੀ ਬਾਣੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ?

(ੳ) ਆਸਾ ਦੀ ਵਾਰ (ਅ) ਪੱਟੀ

(ੲ) ਜਪੁਜੀ (ਸ) ਦੱਖਣੀ ਓਅੰਕਾਰ

(ii) ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧ ਬਾਣੀ ਕਿਹੜੀ ਹੈ?

(ੳ) ਜਪੁਜੀ ਸਾਹਿਬ (ਅ) ਸੁਖਮਨੀ ਸਾਹਿਬ

(ੲ) ਅਨੰਦ ਸਾਹਿਬ (ਸ) ਚੰਡੀ ਦੀ ਵਾਰ

(iii) ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?

(ੳ) ਹਕੀਕੀ (ਅ) ਮਜਾਜ਼ੀ

(ੲ) ਸੰਸਾਰੀ (ਸ) ਮਤਲਬੀ

(iv) ਬੁੱਲੇ ਸ਼ਾਹ ਕਿਸ ਕਾਵਿ-ਧਾਰਾ ਦਾ ਕਵੀ ਹੈ?

(ੳ) ਗੁਰਮਤਿ ਕਾਵਿ-ਧਾਰਾ (ਅ) ਕਿੱਸਾ ਕਾਵਿ-ਧਾਰਾ

(ੲ) ਸੂਫ਼ੀ ਕਾਵਿ-ਧਾਰਾ (ਸ) ਵਾਰ ਕਾਵਿ-ਧਾਰਾ

(v) ਦਮੋਦਰ ਦੇ ਕਿੱਸੇ ਦੀ ਬੋਲੀ ਕਿਹੜੀ ਹੈ?

(ੳ) ਪੋਠੋਹਾਰੀ (ਅ) ਝਾਂਗੀ

(ੲ) ਦੁਆਬੀ (ਸ) ਪੁਆਧੀ

5. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1X5=5

(i) ਰਹੱਸਵਾਦੀ/ਅਰਸਾਂ ਦਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ?

(ੳ) ਭਾਈ ਵੀਰ ਸਿੰਘ (ਅ) ਧਨੀ ਰਾਮ ਚਾਤ੍ਰਿਕ

(ੲ) ਸ਼ਿਵ ਕੁਮਾਰ (ਸ) ਬਾਵਾ ਬਲਵੰਡ

(ii) ਕਿਸ ਨੇ ਛੰਦਾ-ਬੰਦੀ ਨੂੰ ਨਵਾਬੀ ਜੁੱਤੀ ਦੀ ਕੈਦ ਕਿਹਾ?

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਧਨੀ ਰਾਮ ਚਾਤ੍ਰਿਕ (ਸ) ਸ਼ਿਵ ਕੁਮਾਰ

(iii) ਪ੍ਰੋ. ਮੋਹਨ ਸਿੰਘ ਦੇ ਮਹਾਂਕਾਵਿ ਦਾ ਨਾਂ ਦੱਸੋ।

(ੳ) ਏਸ਼ੀਆ ਦਾ ਚਾਨਣ (ਅ) ਨਾਨਕਾਇਣ

(ੲ) ਵਿਸ਼ਵ ਨੂਰ (ਸ) ਮਰਦ ਅੰਗਮੜਾ

(iv) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਕਿਸ ਦੀ ਰਚਨਾ ਹੈ?

(ੳ) ਪ੍ਰੋ. ਮੋਹਨ ਸਿੰਘ (ਅ) ਭਾਈ ਵੀਰ ਸਿੰਘ

(ੲ) ਬਾਵਾ ਬਲਵੰਤ (ਸ) ਅੰਮ੍ਰਿਤਾ ਪ੍ਰੀਤਮ

(v) ਕਿਸ ਕਵੀ ਦੀ ਕਵਿਤਾ ਬਿਰਹਾ ਪ੍ਰਧਾਨ ਹੈ?

(ੳ) ਸ਼ਿਵ ਕੁਮਾਰ (ਅ) ਅੰਮ੍ਰਿਤਾ ਪ੍ਰੀਤਮ

(ੲ) ਪ੍ਰੋ. ਮੋਹਨ ਸਿੰਘ (ਸ) ਸੰਤ ਰਾਮ ਉਦਾਸੀ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿੱਚ ਲਿਖੋ :

(i) ਸਿੱਖ ਧਰਮ ਦੇ ਮੋਢੀ ਗੁਰੂ ਕੌਣ ਹਨ?

(ii) ਸ਼ੇਖ ਫ਼ਰੀਦ ਜੀ ਦੇ ਮੁਰਸ਼ਦ (ਗੁਰੂ) ਦਾ ਨਾਂ ਕੀ ਸੀ?

(iii) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸ ਨੇ ਢਾਲਿਆ?

(iv) ਆਈ. ਸੀ. ਨੰਦਾ ਨੇ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ?

(v) ਗੁਰਬਖਸ਼ ਸਿੰਘ ਨੇ ਕਿਹੜਾ ਨਗਰ ਵਸਾਇਆ?

**ਭਾਗ (ਅ)**

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿੱਚ ਦਿਓ : 1X3=3

(i) 'ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵਕੜੀ ਪਾਈ' ਕਾਵਿ-ਸਤਰ ਦੀ ਕਵਿਤਾ ਕਿਹੜੀ ਹੈ?

(ii) ਕ੍ਰਿਸ਼ਨ ਕਿੱਥੋਂ ਦਾ ਰਾਜਾ ਬਣਿਆ ਸੀ?

(iii) 'ਜਾਇਦਾਦ' ਕਿਸ ਨੂੰ ਕਿਹਾ ਗਿਆ ਹੈ?

8. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1X3=3

(i) 'ਸ਼ੋਭਾ-ਸ਼ਕਤੀ' ਨਾਟਕ ਕਿਸ ਦੀ ਰਚਨਾ ਹੈ?

(ੳ) ਬਲਵੰਤ ਗਾਰਗੀ (ਅ) ਡਾ. ਹਰਚਰਨ ਸਿੰਘ

(ੲ) ਆਈ. ਸੀ. ਨੰਦਾ (ਸ) ਪ੍ਰਿ: ਸੰਤ ਸਿੰਘ ਸੇਖੋਂ

(ii) ਤੀਜਾ ਨਾਟ ਕਿਸ ਰੁੱਤ ਵਿੱਚ ਵਾਪਰਦਾ ਹੈ?

(ੳ) ਗਰਮੀ (ਅ) ਬਹਾਰ

(ੲ) ਬਰਸਾਤ (ਸ) ਚੜ੍ਹਦਾ ਸਿਆਲ

(iii) ਘਰ ਦੀ ਨੌਕਰਾਣੀ ਦਾ ਨਾਂ ਕੀ ਸੀ?

(ੳ) ਲੀਲਾ (ਅ) ਰੇਖਾ

(ੲ) ਸ਼ਾਂਤੀ (ਸ) ਮਾਈ

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿੱਚ ਲਿਖੋ : 1X3=3

(i) ਭਾਈ ਲਾਲੋ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ?

(ii) ਠਾਣੇਦਾਰ ਕਿੱਥੋਂ ਲੰਘ ਰਿਹਾ ਸੀ?

(iii) ਇਕ ਆਦਮੀ ਨੇ ਲੇਖਕ ਦੀ 'ਪੱਗ' ਨੂੰ ਕੀ ਕਿਹਾ ਸੀ?

10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ : 2X2=4

(i) ਜਿਨ੍ਹਾਂ ਦੇ ਮਨ ਵਿੱਚ ਪ੍ਰੀਤਮ ਦੇ ਮਿਲਾਪ ਦੀ ਇੱਛਾ ਹੋਵੇ ਉਹ ਕੀ ਕਰਦੇ ਹਨ?

(ii) ਲੱਖ ਗਰੀਬਾਂ ਮਜ਼ਦੂਰਾਂ ਦੇ ਹੰਝੂਆਂ ਤੇ ਪਲਣ ਵਾਲਾ ਹੁਸਨ ਹੁਸਨ ਕਿਉਂ ਨਹੀਂ?

(iii) ਬੱਚਾ ਕਿਉ ਕਹਿੰਦਾ ਹੈ, "ਮੇਰਾ ਬਚਪਨ ਅਜੇ ਨਾ ਆਇਆ।"

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ : 2X2=4

(i) ਸ਼ੋਭਾ ਦੇ ਚਰਿਤਰ ਦਾ ਗੁਣ ਲਿਖੋ।

ਜਾਂ

ਸਤੀਸ਼ ਦੇ ਚਰਿਤਰ ਦੇ ਗੁਣ ਲਿਖੋ।

(ii) ਸੋਭਾ ਘਰ ਦਾ ਤਿਆਗ ਕਰਕੇ ਕਿੱਥੇ ਚਲੀ ਜਾਂਦੀ ਹੈ?

ਜਾਂ

ਤੀਜੇ ਨਾਟ ਵਿੱਚ ਸੋਭਾ ਕਿਉਂ ਘਰ ਨੂੰ ਛੱਡਣ ਦਾ ਫ਼ੈਸਲਾ ਕਰ ਲੈਂਦੀ ਹੈ?

12. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ : 2X2=4

(i) ਅਦਾਲਤ ਅਨੁਸਾਰ ਜੇਮਸ ਨੇ ਵੈਦਰ ਕਰਾਫਟ ਨੂੰ ਕਿਸ ਉਦੇਸ਼ ਲਈ ਕਤਲ ਕੀਤਾ ਸੀ?

(ii) ਪਿਆਰ ਵਿੱਚ ਕਿਹੜੇ ਗੁਣ ਹਮੇਸ਼ਾ ਸਮੋਏ ਰਹਿੰਦੇ ਹਨ?

(iii) ਏਵੀਆ ਦੇ ਕਾਸੀਨੋ ਬਾਰੇ ਤੁਸੀ ਕੀ ਜਾਣਦੇ ਹੋ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ : 3

ਕਵੀ ਕਿਉਂ 'ਆਦਮੀ ਬਣ ਬਣ ਥੱਕਿਆ?' ਉੱਤਰ ਕਵਿਤਾ ਦੇ ਆਧਾਰ 'ਤੇ ਦਿਓ।

ਜਾਂ

ਉਸ਼ਾ ਦੇ ਆਉਣ ਨਾਲ ਕੀ ਹੋਇਆ ਹੈ?

14. ਹੇਠ ਲਿਖੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ : 3

ਰਮੇਸ਼ ਸੋਭਾ ਉੱਤੇ ਕੀ ਦੋਸ਼ ਲਾਉਂਦਾ ਹੈ?

ਜਾਂ

ਦੀਨ ਦਿਆਲ ਕਪੂਰ ਨੂੰ ਸੋਭਾ ਦੁਆਰਾ ਪਿਆਰ-ਵਿਆਹ ਕਰਨ ਦੀ ਗੱਲ ਸੁਣ ਕੇ ਗੁੱਸਾ ਕਿਉਂ ਚੜ੍ਹਦਾ ਹੈ?

15. ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ : 3

(i) ਬਾਬੇ ਵਰਿਆਮੇ ਦੁਆਰਾ ਪਿਛਲੇ ਜਨਮਾਂ ਦਾ ਹਾਲ ਦੱਸਣ ਕਾਰਨ ਉਸ ਰਾਤ ਘਰ ਵਿੱਚ ਚੁੱਲਾ ਕਿਉਂ ਨਾ ਬਲਿਆ?

(ii) ‘ਸ਼ੀਸ਼ੇ ਸਾਹਮਣੇ’ ਲੇਖ ਕੇ ਆਧਾਰ 'ਤੇ ਲੇਖਕ ਦੇ ਕੀ-ਕੀ ਸ਼ਗਲ ਹਨ?

16. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- 5

ਮੇਰੀ ਛਿਪੀ ਰਹੇ ਗੁਲਜ਼ਾਰ ਮੈਂ ਨੀਵਾਂ ਉੱਗਿਆ।
ਕੋਈ ਲਗੇ ਨਾ ਨਜ਼ਰ ਟਪਾਰ ਮੈਂ ਪਰਬਤ ਲੁਕਿਆ।
ਮੈਂ ਲਿਆ ਅਕਾਸ਼ੋ ਰੰਗ ਜੁ ਸ਼ੋਖ ਨ ਵੰਨ ਦਾ।
ਹਾਂ ਧੁਰੋਂ ਗ਼ਰੀਬੀ ਮੰਗ ਮੈ ਆਯਾ ਜਗਤ ਤੇ।

ਜਾਂ

ਧੌਲ ਤਾ ਥੱਕਿਆ,
ਥਕ ਕੇ ਬਹਿ ਗਿਆ,
ਧਰਮ ਨੀ ਹਾਰਿਆ,
ਪੰਖ ਲਾ ਕੇ ਉਡ ਗਿਆ,
ਧੀਆਂ ਨੂੰ ਥੱਕਣ ਦੀ,
ਪੰਖ ਲਾ ਉੱਡਣ ਦੀ,
ਜਾਚ ਹੀ ਨਹੀਂ ਹੈ।

17. ਹੇਠ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ - 5

(ੳ) ਟੁਕੜੀ ਜਗ ਤੋਂ ਨਿਆਰੀ

(ਅ) ਤਾਜ ਮਹਿਲ

(ੲ) ਲੂਣਾ

18. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ : 5

(i) ‘ਸ਼ੋਭਾ-ਸ਼ਕਤੀ’ ਨਾਟਕ ਦੇ ਦੂਜੇ ਅੰਕ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

(ii) ‘ਸ਼ੋਭਾ-ਸ਼ਕਤੀ’ ਨਾਟਕ ਦੇ ਰਮੇਸ਼ ਪਾਤਰ ਦਾ ਚੱਰਿਤਰ ਚਿਤਰਨ ਕਰੋ।

19. ਹੇਠ ਲਿਖੇ ਲੇਖਾਂ ਵਿੱਚੋਂ ਇਕ ਲੇਖ ਦਾ ਸਾਰ 40-50 ਸ਼ਬਦਾਂ ਵਿੱਚ ਲਿਖੋ : 5

(ੳ) ਕੌਮ ਲਈ ਕੁਰਬਾਨੀ

(ਅ) ਘਰ ਵਿੱਚ ਹੀ ਗੁਰਿਆਈ

(ੲ) ਸ਼ੀਸ਼ੇ ਸਾਹਮਣੇ